Word Perfect Translations
The translation & interpreting experts

**Dublin Office:**
**22 Upper Ormond Quay,**
**Dublin 7, Ireland**
**Ph: +353 (0)1 872 0008**
**Fax: +353 (0)1 874 8032**
**E-mail: translations@wordperfect.ie**
**Web: www.wordperfect.ie**

**Cork Office:**
**14 Penrose Wharf,**
**Cork, Ireland**
**Ph: +353 (0) 21 4861404**
**Fax: +353 (0) 21 4861303**
**Lo-call: 1890 707 707 (24hrs)**
**E-mail: cork.translations@wordperfect.ie**

**International Protection Office**
**Irish Naturalisation and Immigration Service**
**79-83 Lower Mount St.**
**Dublin 2, D02ND99**

**Tuesday, 02 October 2018**

***To Whom It May Concern:***

This is to certify that the English to Punjabi translation, reference "GDPR Privacy Notice -IPO (PP) 52 Rev 1"is a true & accurate translation. It reflects the writing style, punctuation and phrase structure used in the original text.

Yours sincerely,

_______________

Translation PM
Word Perfect Translations

IPO (PP) 52 Rev 1

# ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ

## ਆਮ ਡਾਟਾ ਸੁਰੱਖਿਆ ਰੈਗੂਲੇਸ਼ਨ

## ਗੋਪਨੀਯਤਾ ਨੋਟਿਸ

1. ਤੁਹਾਡੇ ਵੱਲੋਂ ਦਿੱਤਾ ਜਾ ਰਿਹਾ ਡਾਟਾ ਆਇਰਿਸ਼ ਨੈਚੁਰਾਲਾਈਜੇਸ਼ਨ ਅਤੇ ਇਮੀਗ੍ਰੇਸ਼ਨ ਸਰਵਿਸ (INIS) ਦੇ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ (IPO) (ਨਿਆਂ ਅਤੇ ਸਮਾਨਤਾ ਵਿਭਾਗ ਦੇ ਭਾਗ) ਦੁਆਰਾ ਇਕੱਠਾ ਕੀਤਾ ਜਾ ਰਿਹਾ ਹੈ। ਡਾਟਾ ਕੰਟਰੋਲਰ ਦੇ ਸੰਪਰਕ ਵੇਰਵੇ ਇਸ ਤਰ੍ਹਾਂ ਹਨ:

**International Protection Office**
**Irish Naturalisation and Immigration Service**
**79 – 83 Lower Mount Street**
**Dublin 2**
**D02 ND99**

2. ਅਸੀਂ ਤੁਹਾਡੇ ਵੱਲੋਂ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਨੂੰ ਪ੍ਰਦਾਨ ਕੀਤੇ ਗਏ ਵਿਅਕਤੀਗਤ ਡਾਟੇ ਦੀ ਵਰਤੋਂ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਯੋਗਤਾ ਦਾ ਮੁਲਾਂਕਣ ਕਰਨ ਦੇ ਉਦੇਸ਼ ਲਈ ਅਤੇ, ਜੇ ਉਚਿਤ ਹੋਵੇ, ਸੰਬੰਧਿਤ ਕਾਨੂੰਨੀ ਫਰੇਮਵਰਕ ਦੇ ਅਨੁਸਾਰ ਪਹਿਲੇ ਇੰਸਟਾਂਸ ਵਿੱਚ ਰਹਿਣ ਦੀ ਮਨਜ਼ੂਰੀ ਲਈ, ਕਰ ਸਕਦੇ ਹਾਂ। ਇਸ ਵਿੱਚ ਤੁਹਾਡੇ ਦੁਆਰਾ *ਅੰਤਰਰਾਸ਼ਟਰੀ ਸੁਰੱਖਿਆ ਸਵਾਲਨਾਮੇ (IPO 2) ਲਈ ਅਰਜ਼ੀ* ਵਿੱਚ ਪ੍ਰਦਾਨ ਕੀਤਾ ਗਿਆ ਡਾਟਾ ਅਤੇ ਕੋਈ ਹੋਰ ਵਿਅਕਤੀਗਤ ਡਾਟਾ ਸ਼ਾਮਿਲ ਹੈ ਜੋ ਤੁਸੀਂ ਕਿਸੇ ਹੋਰ ਰੂਪ ਜਾਂ ਤਰੀਕੇ ਰਾਹੀਂ IPO ਨੂੰ ਪ੍ਰਦਾਨ ਕਰ ਸਕਦੇ ਹੋ। ਜੇ ਜ਼ਰੂਰੀ ਹੋਵੇ, IPO ਅਤੇ ਆਇਰਿਸ਼ ਨੈਚੁਰਲਾਈਜ਼ੇਸ਼ਨ ਅਤੇ ਇਮੀਗ੍ਰੇਸ਼ਨ ਸਰਵਿਸ/ਨਿਆਂ ਅਤੇ ਸਮਾਨਤਾ ਵਿਭਾਗ ਤੁਹਾਡੇ ਵੱਲੋਂ IPO 2 ਅਤੇ ਸੰਬੰਧਿਤ ਪੱਤਰ ਵਿੱਚ ਪ੍ਰਦਾਨ ਕੀਤੇ ਵਿਅਕਤੀਗਤ ਡਾਟੇ ਦੀ ਵਰਤੋਂ ਤੁਹਾਡੀ ਇਮੀਗ੍ਰੇਸ਼ਨ ਜਾਂ ਨਾਗਰਿਕਤਾ ਦੀ ਸਥਿਤੀ ਸੰਬੰਧਿਤ ਕਿਸੇ ਭਵਿੱਖੀ ਵਿਚਾਰ ਦੇ ਭਾਗ ਵੱਜੋਂ ਵੀ ਕਰ ਸਕਦਾ ਹੈ।

3. ਇਸ ਡਾਟੇ ਨੂੰ ਇਕੱਠਾ ਕਰਨ ਅਤੇ ਉਸ ਤੇ ਪ੍ਰਕਿਰਿਆ ਕਰਨ ਦਾ ਸਾਡਾ ਕਾਨੂੰਨੀ ਆਧਾਰ ਇਸ ਤਰ੍ਹਾਂ ਹੈ:
   - i. ਅੰਤਰਰਾਸ਼ਟਰੀ ਸੁਰੱਖਿਆ ਐਕਟ 2015 ਅਤੇ ਇਸਦੇ ਅਧੀਨ ਬਣਾਏ ਰੈਗੂਲੇਸ਼ਨਜ਼
   - ii. ਯੂਰੋਪੀਅਨ ਯੂਨੀਅਨ (ਡਬਲਿਨ ਸਿਸਟਮ) ਰੈਗੂਲੇਸ਼ਨਜ਼ 2018
   - iii. ਯੂਰੋਪੀਅਨ ਕਮਿਊਨਿਟੀਜ਼ (ਸੁਰੱਖਿਆ ਲਈ ਯੋਗਤਾ) ਰੈਗੂਲੇਸ਼ਨਜ਼ 2006
   - iv. ਯੂਰੋਪੀਅਨ ਯੂਨੀਅਨ (ਸਬਸਿਡਰੀ ਸੁਰੱਖਿਆ) ਰੈਗੂਲੇਸ਼ਨਜ਼ 2013, ਸੋਧੇ ਅਨੁਸਾਰ
   - v. ਯੂਰੋਪੀਅਨ ਯੂਨੀਅਨ ਡਬਲਿਨ ਰੈਗੂਲੇਸ਼ਨ
   - vi. ਯੂਰੋਪੀਅਨ ਯੂਨੀਅਨ ਯੂਰੋਡਕ ਰੈਗੂਲੇਸ਼ਨ

4. ਡਾਟਾ EU ਡਬਲਿਨ ਰੈਗੂਲੇਸ਼ਨ ਅਤੇ EU ਯੂਰੋਡੈਕ ਰੈਗੂਲੇਸ਼ਨ ਨੂੰ ਸੰਚਾਲਿਤ ਕਰ ਰਹੇ ਹੋਰ ਰਾਜਾਂ ਦੇ ਨਾਲ ਵੀ ਸਾਂਝਾ ਕੀਤਾ ਜਾ ਸਕਦਾ ਹੈ, ਜੇ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਇਹਨਾਂ EU ਰੈਗੂਲੇਸ਼ਨਾਂ ਦੇ ਦਾਇਰੇ ਵਿੱਚ ਆਉਂਦੀ ਹੈ।

5. ਪ੍ਰਦਾਨ ਕੀਤਾ ਗਿਆ ਵਿਅਕਤੀਗਤ ਡਾਟਾ ਨਿਆਂ ਅਤੇ ਸਮਾਨਤਾ ਵਿਭਾਗ IT ਸਰਵਰਾਂ 'ਤੇ ਸੁਰੱਖਿਅਤ ਤਰੀਕੇ ਨਾਲ ਸਟੋਰ ਕੀਤਾ ਜਾਵੇਗਾ। ਆਇਰਿਸ਼ ਨੈਚੁਰਾਲਾਈਜੇਸ਼ਨ ਅਤੇ ਇਮੀਗ੍ਰੇਸ਼ਨ ਸਰਵਿਸ/ਨਿਆਂ ਅਤੇ ਸਮਾਨਤਾ ਵਿਭਾਗ ਨਾਲ ਘਰੇਲੂ ਡਾਟਾ ਸਾਂਝਾ ਕਰਨ ਤੋਂ ਇਲਾਵਾ, ਜਿੱਥੇ ਉਚਿਤ ਹੋਵੇ, ਡਾਟਾ ਹੇਠ ਲਿਖਿਆਂ ਸਮੇਤ ਹੋਰ ਸਰਕਾਰੀ ਦਫ਼ਤਰਾਂ/ਏਜੰਸੀਆਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ:
    a. ਐਨ ਗਾਰਡਾ ਸੀਓਚਾਨਾ
    b. ਲੀਗਲ ਏਡ ਬੋਰਡ
    c. ਰੁਜ਼ਗਾਰ ਅਤੇ ਸਮਾਜਕ ਸੁਰੱਖਿਆ ਵਿਭਾਗ
    d. ਟਸਲਾ - ਬਾਲ ਅਤੇ ਪਰਿਵਾਰ ਏਜੰਸੀ
    e. ਹੈਲਥ ਸਰਵਿਸ ਐਗਜ਼ੀਕਿਉਟਿਵ

ਜਾਣਕਾਰੀ ਸਾਡੇ ਅਨੁਵਾਦ ਸੇਵਾ ਪ੍ਰਦਾਤਾ(ਵਾਂ) ਨਾਲ ਵੀ ਸਾਂਝੀ ਕੀਤੀ ਜਾ ਸਕਦੀ ਹੈ।

6. ਪ੍ਰਦਾਨ ਕੀਤਾ ਗਿਆ ਵਿਅਕਤੀਗਤ ਡਾਟਾ, ਅੰਤਰਰਾਸ਼ਟਰੀ ਸੁਰੱਖਿਆ ਪ੍ਰਕਿਰਿਆ ਨੂੰ ਸਮਰਥਿਤ ਕਰਨ ਲਈ, ਰਿਫ਼ੂਜੀਆਂ ਲਈ ਸੰਯੁਕਤ ਰਾਸ਼ਟਰ ਦੇ ਹਾਈ ਕਮਿਸ਼ਨਰ ਦੇ ਆਦੇਸ਼ ਦੇ ਸੰਬੰਧ ਵਿੱਚ ਉਹਨਾਂ ਦੇ ਨਾਲ ਵੀ ਸਾਂਝਾ ਕੀਤਾ ਜਾ ਸਕਦਾ ਹੈ।

7. ਇਸ ਨੋਟਿਸ ਨਾਲ ਸੰਬੰਧਿਤ ਕੋਈ ਵੀ ਜਾਣਕਾਰੀ ਲੈਣ ਲਈ ਸੰਪਰਕ ਵੇਰਵੇ ਇਸ ਤਰ੍ਹਾਂ ਹਨ:

**International Protection Office**
**Irish Naturalisation and Immigration Service**
**79 – 83 Lower Mount Street**
**Dublin 2**

8. **D02 ND99**ਇਹ ਡਾਟਾ ਨਿਰਧਾਰਿਤ ਨਿਆਂ ਅਤੇ ਸਮਾਨਤਾ ਵਿਭਾਗ ਧਾਰਨ ਅਨੁਸੂਚੀਆਂ ਅਤੇ ਰਾਸ਼ਟਰੀ ਅਰਕਾਈਵ ਐਕਟ 1986 ਦੀਆਂ ਲੋੜਾਂ ਦੇ ਅਨੁਸਾਰ ਸਟੋਰ ਕੀਤਾ ਜਾਵੇਗਾ।

9. ਤੁਸੀਂ ਸਾਡੇ ਕੋਲ ਪਏ ਵਿਅਕਤੀਗਤ ਡਾਟੇ ਦੀ ਕਾਪੀ ਦੀ ਬੇਨਤੀ ਕਰ ਸਕਦੇ ਹੋ। ਤੁਸੀਂ http://www.justice.ie/en/JELR/Pages/Data Protection ਤੇ ਉਪਲਬਧ ਜਾਂ ਕਿਸੇ ਵੀ ਨਿਆਂ ਅਤੇ ਸਮਾਨਤਾ ਵਿਭਾਗ ਪਬਲਿਕ ਦਫ਼ਤਰ ਤੋਂ ਲੈ ਕੇ ਸਬਜੈਕਟ ਐਕਸੈਸ ਰਿਕਵੈਸਟ ਫਾਰਮ ਪੂਰਾ ਕਰਕੇ ਅਤੇ ਇਸ ਨੂੰ subjectaccessrequests@justice.ie ਤੇ ਭੇਜ ਕੇ ਜਾਂ ਹੇਠਾਂ ਪੈਰਾਗ੍ਰਾਫ਼ 11 ਵਿੱਚ ਦਿੱਤੇ ਪਤੇ ਤੇ ਨਿਆਂ ਅਤੇ ਸਮਾਨਤਾ ਵਿਭਾਗ ਸੁਰੱਖਿਆ ਦਫ਼ਤਰ ਨੂੰ ਡਾਕ ਰਾਹੀਂ ਭੇਜ ਕੇ, ਅਜਿਹਾ ਕਰ ਸਕਦੇ ਹੋ। ਤੁਹਾਨੂੰ ਕੋਈ ਵੀ ਡਾਟਾ ਭੇਜੇ ਜਾਣ ਤੋਂ ਪਹਿਲਾਂ ਤੁਹਾਨੂੰ ਆਪਣੀ ਪਛਾਣ ਦੀ ਪੁਸ਼ਟੀ ਕਰਨੀ ਪਵੇਗੀ।

10. ਤੁਹਾਡੇ ਕੋਲ ਤੁਹਾਡੇ ਡਾਟੇ ਵਿੱਚ ਕੋਈ ਵੀ ਅਸ਼ੁੱਧੀਆਂ ਨੂੰ ਠੀਕ ਕਰਨ ਦਾ ਹੱਕ ਹੈ। ਅਜਿਹਾ ਕਰਨ ਲਈ ਤੁਹਾਨੂੰ ਠੀਕ ਕੀਤੀਆਂ ਜਾਣ ਵਾਲੀਆਂ ਅਸ਼ੁੱਧੀਆਂ ਦੇ ਵਰਨਣ ਸਮੇਤ ਉਪਰੋਕਤ ਪੈਰਾਗ੍ਰਾਫ਼ 1 ਵਿੱਚ ਪ੍ਰਦਾਨ ਕੀਤੇ ਗਏ ਪਤੇ 'ਤੇ ਆਇਰਿਸ਼ ਨੈਚੁਰਲਾਈਜ਼ੇਸ਼ਨ ਅਤੇ ਇਮੀਗ੍ਰੇਸ਼ਨ ਸਰਵਿਸ ਦੇ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਨੂੰ ਲਿਖਣਾ ਚਾਹੀਦਾ ਹੈ।

11. ਤੁਹਾਡੇ ਕੋਲ, ਜਿੱਥੇ ਉਚਿਤ ਹੋਵੇ, ਤੁਹਾਡੇ ਡਾਟਾ ਨੂੰ ਮਿਟਾਉਣ ਦਾ ਅਤੇ/ਜਾਂ ਤੁਹਾਡੇ ਡਾਟੇ ਦੀ ਪ੍ਰਕਿਰਿਆ 'ਤੇ ਰੋਕ ਲਾਉਣ ਦਾ ਅਤੇ ਨਾਲ ਹੀ ਤੁਹਾਡੇ ਡਾਟੇ ਦੀ ਪ੍ਰਕਿਰਿਆ 'ਤੇ ਇਤਰਾਜ਼ ਕਰਨ ਦਾ ਅਧਿਕਾਰ ਹੈ। ਇਸ ਤੋਂ ਇਲਾਵਾ, ਤੁਹਾਡੇ ਕੋਲ ਡਾਟਾ ਸੁਰੱਖਿਆ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕਰਨ ਦਾ ਅਧਿਕਾਰ ਹੈ। ਤੁਹਾਡੇ ਡਾਟਾ ਸੁਰੱਖਿਆ ਅਧਿਕਾਰਾਂ ਦੇ ਸੰਬੰਧ ਵਿੱਚ ਹੋਰ ਜਾਣਕਾਰੀ http://www.justice.ie/en/JELR/Pages/Data Protection. 'ਤੇ ਉਪਲਬਧ ਨਿਆਂ ਅਤੇ ਸਮਾਨਤਾ ਵਿਭਾਗ ਦੀ ਡਾਟਾ ਸੁਰੱਖਿਆ ਨੀਤੀ ਵਿੱਚ ਮਿਲ ਸਕਦੀ ਹੈ।

    ਤੁਸੀਂ ਡਾਕ ਰਾਹੀਂ ਨਿਆਂ ਅਤੇ ਸਮਾਨਤਾ ਵਿਭਾਗ ਦੇ ਡਾਟਾ ਸੁਰੱਖਿਆ ਅਧਿਕਾਰੀ ਨਾਲ ਸੰਪਰਕ ਕਰ ਸਕਦੇ ਹੋ:

**The Data Protection Officer**
**Department of Justice and Equality**
**51 St. Stephen's Green**
**Dublin 2**
**D02 HK52**

ਜਾਂ

ਈਮੇਲ ਰਾਹੀਂ: dataprotectioncompliance@justice.ie

12. ਇਹ *ਗੋਪਨੀਯਤਾ ਨੋਟਿਸ ਅੰਤਰਰਾਸ਼ਟਰੀ ਸੁਰੱਖਿਆ (IPO 1) ਲਈ ਬਿਨੈਕਾਰਾਂ* ਲਈ ਜਾਣਕਾਰੀ ਕਿਤਾਬਚੀ ਵਿੱਚ ਮੌਜੂਦ ਡਾਟਾ ਸੁਰੱਖਿਆ ਬਾਰੇ ਜਾਣਕਾਰੀ ਦੀ ਜਗ੍ਹਾ ਲੈਂਦਾ ਹੈ।

**ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ**
**ਜੁਲਾਈ 2018**